ਦਫਤਰ ਮੁੱਖ ਚੋਣ ਅਫਸਰ, ਪੰਜਾਬ
**OFFICE OF THE**
**CHIEF ELECTORAL OFFICER, PUNJAB**
(SCO NO.29-32, Sector 17-E Chandigarh)
Phone :0172-2704701,2724037,2704779.Fax:0172-2707970Email:-ceo_punjab@ eci.gov. in, dyceo.ceopb@gmail.com

ਸੇਵਾ ਵਿਖੇ

ਸਮੂਹ ਡਿਪਟੀ ਕਮਿਸ਼ਨਰ-ਕਮ-
ਜ਼ਿਲਾ ਚੋਣ ਅਫਸਰ

ਨੰ: ਚੋਣ-2017/ ਸਵੀਪ-9418
ਮਿਤੀ, ਚੰਡੀਗੜ੍ਹ:15ਨਵੰਬਰ, 2017

ਵਿਸ਼ਾ : **Special Summary Revision of Photo Electoral Rolls w.r.t. 01.01.2018 as the qualifying date-**
**-Advertisement through Newspaper, Radio/FM -reg.,**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ, ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਵੋਟਰ ਸੂਚੀ ਦੀ ਸਰਸਰੀ ਸੁਧਾਈ (ਯੋਗਤਾ ਮਿਤੀ 01.01.2018 ਦੇ ਅਧਾਰ ਤੇ) ਦੌਰਾਨ ਮਿਤੀ 15.11.2017 ਤੋਂ 14.12.2017 ਤੱਕ ਆਮ ਜਨਤਾ ਤੋਂ ਵੋਟ ਰਜਿਸਟਰੇਸ਼ਨ ਲਈ ਦਾਅਵੇ ਅਤੇ ਇਤਰਾਜ ਪ੍ਰਾਪਤ ਕੀਤੇ ਜਾਣੇ ਹਨ। ਇਸ ਸਬੰਧੀ ਇਸ ਦਫਤਰ ਦੇ ਪੱਧਰ ਤੇ ਅਖਬਾਰ ਵਿਗਿਆਪਨ ਅਤੇ ਰੇਡੀਉ ਜਿੰਗਲ ਤਿਆਰ ਕਰਵਾਏ ਗਏ ਹਨ। ਇਸ ਦਫਤਰ ਦੇ ਪੱਧਰ ਤੇ, ਅਖਬਾਰ ਵਿਗਿਆਪਨ ਰਾਜ ਦੇ ਉੱਘੇ ਅਖਬਾਰਾਂ ਵਿੱਚ ਛਪਵਾਏ ਜਾਣੇ ਹਨ ਅਤੇ ਰੇਡੀਉ ਜਿੰਗਲ ਵੀ ਇਸ ਦਫਤਰ ਦੇ ਪੱਧਰ ਤੇ ਪ੍ਰਮੁੱਖ ਰੇਡੀਉ ਸਟੇਸ਼ਨਾਂ/ ਐਫ. ਐਮ. ਰਾਹੀਂ ਬਰੋਡਕਾਸਟ ਕਰਵਾਏ ਜਾਣੇ ਹਨ।

ਉਕਤ ਜਾਗਰੂਕਤਾ ਸਮੱਗਰੀ ਅਖਬਾਰ ਵਿਗਿਆਪਨ ਅਤੇ ਰੇਡੀਉ ਜਿੰਗਲ ਆਪ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਇਹਨਾਂ ਰਾਹੀਂ ਲੋਕਲ ਪੱਧਰ ਤੇ ਪ੍ਰਚਾਰ ਕੀਤਾ ਜਾਵੇ। ਇਹ ਵਿਗਿਆਪਨ ਸੋਸ਼ਲ ਮੀਡੀਆ (ਜ਼ਿਲਾ ਚੋਣ ਅਫਸਰ ਦੀ ਵੈਬਸਾਈਟ, ਜ਼ਿਲਾ ਚੋਣ ਅਫਸਰ ਦੇ ਫੇਸ ਬੁੱਕ ਅਕਾਊਂਟ ਆਦਿ) ਰਾਹੀਂ ਵੱਧ ਤੋਂ ਵੱਧ ਸ਼ੇਅਰ ਕੀਤੇ ਜਾਣ। ਇਸ ਦਫਤਰ ਦੇ ਪੱਧਰ ਤੇ ਪੋਸਟਰ ਵੀ ਛਪਵਾਏ ਜਾਣੇ ਹਨ, ਇਹ ਪੋਸਟਰ ਪ੍ਰਾਪਤ ਕਰਨ ਲਈ ਆਪ ਨੂੰ ਬਾਅਦ ਵਿੱਚ ਸੂਚਿਤ ਕਰ ਦਿੱਤਾ ਜਾਵੇਗਾ। ਉਕਤ ਮੁਹਿੰਮ ਦੌਰਾਨ ਜ਼ਿਲਾ ਚੋਣ ਅਫਸਰ ਅਤੇ ਚੋਣਕਾਰ ਰਜਿਸਟਰੇਸ਼ਨ ਅਫਸਰ ਦੇ ਪੱਧਰ ਤੇ ਜੋ ਵੀ ਸਵੀਪ ਗਤੀਵਿਧੀਆਂ ਕਰਵਾਈਆਂ ਜਾਂਦੀਆਂ ਹਨ, ਉਹਨਾਂ ਨੂੰ ਵੀ ਸੋਸ਼ਲ ਮੀਡੀਆ ਰਾਹੀਂ ਸ਼ੇਅਰ ਕੀਤਾ ਜਾਵੇ ਤਾਂ ਜੋ ਵੱਧ ਤੋਂ ਵੱਧ ਜਨਤਾ ਨੂੰ ਮੁਹਿੰਮ ਬਾਰੇ ਜਾਣਕਾਰੀ ਪ੍ਰਾਪਤ ਹੋ ਸਕੇ।

ਉਪ ਮੁੱਖ ਚੋਣ ਅਫਸਰ, ਪੰਜਾਬ

# "BE A PART OF THE WORLD'S BIGGEST DEMOCRACY"



- If your age is 18 years or above as on 01.01.2018 but you have not been enrolled as an elector, fill form no. 6 on www.nvsp.in till 14.12.2017. Upload coloured photograph of applicant, proof of date of birth and proof of residence.
- An appeal is made to general public that eligible voter should apply online at **www.nvsp.in** for enrolment instead of using printed forms so that the particulars filled by the applicant may be printed correctly on EPIC.
- Booth Level Officer will go door to door from 15.11.2017 to 30.11.2017, during special drive to collect information in format I to VIII regarding enrolled voters, NRI voters and information regarding the youngsters who will be attaining the age of 18 years as on 01.01.2018. The general public is requested to cooperate with the Booth Level Officer.
- Booth Level Officer will pronounce the relevant part of electoral roll on 18.11.2017 (Saturday) and 25.11.2017 (Saturday) at the polling station.
- Be cautious that double registration in the electoral roll is a crime under R.P. Act 1950.
- Enrolled elector may check the particulars recorded in the electoral roll by sending the following SMS format:

**SMSPJB <SPACE> IDCARDNO**

**Send the above SMS to 07738299899**

**Note: IDCARDNO :- The 10/16 digit number located on upper right side of your voter card.**

**Helpline: 1950 (Toll Free) (From 9 a.m. to 5 p.m.) | website http://ceopunjab.nic.in**

**Follow us on** twitter.com/TheCEOPunjab www.facebook.com/TheCEOPunjab

**Issued in public interest by Chief Electoral Officer, Punjab**



# "ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰ ਦਾ ਹਿੱਸਾ ਬਣੋ"

- ਜੇਕਰ ਮਿਤੀ 01.01.2018 ਨੂੰ ਤੁਹਾਡੀ ਉਮਰ 18 ਸਾਲ ਜਾਂ ਇਸ ਤੋਂ ਉਪਰ ਹੈ ਅਤੇ ਹਾਲੇ ਤੱਕ ਵੋਟ ਨਹੀਂ ਬਣਵਾਈ ਤਾਂ 14.12.2017 ਤੱਕ **www.nvsp.in** ਤੇ ਆਨ-ਲਾਈਨ ਫਾਰਮ 6 ਭਰੋ। ਆਨ-ਲਾਈਨ ਫਾਰਮ ਭਰਦੇ ਸਮੇਂ ਬਿਨੈਕਾਰ ਦਾ ਰੰਗੀਨ ਫੋਟੋ, ਜਨਮ ਮਿਤੀ ਦਾ ਸਬੂਤ ਅਤੇ ਰਿਹਾਇਸ਼ ਦੇ ਪਤੇ ਦਾ ਸਬੂਤ ਅਪਲੋਡ ਕਰੋ।
- ਆਮ ਜਨਤਾ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਹੱਥ ਨਾਲ ਭਰੇ ਫਾਰਮ ਜਮ੍ਹਾਂ ਕਰਵਾਉਣ ਦੀ ਥਾਂ **www.nvsp.in** ਤੇ ਆਨ-ਲਾਈਨ ਫਾਰਮ ਭਰਨ ਨੂੰ ਪਹਿਲ ਦਿੱਤੀ ਜਾਵੇ, ਤਾਂ ਜੋ ਆਪ ਦੁਆਰਾ ਭਰੇ ਵੇਰਵੇ ਹੀ ਵੋਟਰ ਕਾਰਡ ਤੇ ਪ੍ਰਿੰਟ ਹੋਣ, ਇਸ ਤਰ੍ਹਾਂ ਕਰਨ ਨਾਲ ਆਪ ਨੂੰ ਗਲਤੀ ਰਹਿਤ ਵੋਟਰ ਸ਼ਨਾਖਤੀ ਕਾਰਡ ਜਾਰੀ ਕੀਤਾ ਜਾਵੇਗਾ।
- 15.11.2017 ਤੋਂ 30.11.2017 ਦੇ ਵਿਚਕਾਰ, ਵਿਸ਼ੇਸ਼ ਮੁਹਿੰਮ ਦੌਰਾਨ ਬੀ. ਐਲ. ਓ. ਘਰ-ਘਰ ਜਾ ਕੇ ਫਾਰਮੈਟ 1 ਤੋਂ 8 ਵਿੱਚ ਨਾਗਰਿਕਾਂ ਤੋਂ ਵੋਟਰ ਸੂਚੀ ਵਿੱਚ ਦਰਜ ਵੋਟਰਾਂ, ਪ੍ਰਵਾਸੀ ਭਾਰਤੀ ਵੋਟਰਾਂ ਅਤੇ ਉਹਨਾਂ ਯੋਗ ਵੋਟਰਾਂ ਸਬੰਧੀ ਜਾਣਕਾਰੀ ਪ੍ਰਾਪਤ ਕਰਨਗੇ, ਜੋ 01.01.2018 ਨੂੰ 18 ਸਾਲ ਦੇ ਹੋਣੇਗੇ। ਆਮ ਜਨਤਾ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਕਤ ਮੁਹਿੰਮ ਦੌਰਾਨ ਬੀ. ਐਲ. ਓ. ਨੂੰ ਪੂਰਾ ਸਹਿਯੋਗ ਦੇਣ।
- 18.11.2017 (ਸ਼ਨੀਵਾਰ) ਅਤੇ 25.11.2017 (ਸ਼ਨੀਵਾਰ) ਨੂੰ ਪੋਲਿੰਗ ਸਟੇਸ਼ਨਾਂ ਤੇ ਬੀ. ਐਲ.ਓ. ਵੋਟਰ ਸੂਚੀ ਦੇ ਸਬੰਧਤ ਭਾਗ ਨੂੰ ਪੜ੍ਹ ਕੇ ਸੁਣਾਉਣਗੇ।
- ਇਹ ਧਿਆਨਦੇਣ ਯੋਗ ਹੈ ਕਿ ਜੇਕਰ ਦੋ ਜਾਂ ਦੋ ਤੋਂ ਵੱਧ ਜਗ੍ਹਾਂ ਤੇ ਤੁਹਾਡੀ ਵੋਟ ਬਣੀ ਹੈ ਤਾਂ ਇਹ ਲੋਕ ਪ੍ਰਤੀਨਿਧਤਾ ਐਕਟ, 1950 ਅਧੀਨ ਜ਼ੁਰਮ ਹੈ।
- ਜੇਕਰ ਤੁਸੀਂ ਵੋਟਰ ਹੋ ਤਾਂ ਹੇਠ ਲਿਖੇ ਐਸ.ਐਮ.ਐਸ. ਨੂੰ ਵਰਤ ਕੇ ਵੀ ਆਪਣਾ ਪੋਲਿੰਗ ਸਟੇਸ਼ਨ ਅਤੇ ਹੋਰ ਵੇਰਵੇ ਹਾਸਿਲ ਕਰ ਸਕਦੇ ਹੋ।

**SMSPJB <SPACE> IDCARDNO**

**ਉਪਰਲੇ ਮੈਸੇਜ ਨੂੰ 07738299899 ਤੇ ਭੇਜੋ**

**ਨੋਟ: IDCARDNO: ਵੋਟਰ ਕਾਰਡ ਦੇ ਉਪਰਲੇ ਸੱਜੇ ਪਾਸੇ ਲਿਖੇ 10/16 ਅੰਕਾਂ ਨੰਬਰ ਦਾ ਵੋਟਰ ਕਾਰਡ ਦਾ ਨੰਬਰ ਹੈ**

**ਹੈਲਪਲਾਈਨ: 1950 (ਟੋਲ ਫ੍ਰੀ)** (ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ) | **website http://ceopunjab.nic.in**

**Follow us on** twitter.com/TheCEOPunjab www.facebook.com/TheCEOPunjab

ਮੁੱਖ ਚੋਣ ਅਫਸਰ, ਪੰਜਾਬ ਵੱਲੋਂ ਜਨਹਿੱਤ ਵਿੱਚ ਜਾਰੀ